ਗੁਰਮਤਿ ਵਿਦਿਆਲਾ ਮਿੱਠੇਵਾਲ (ਮਲੇਰਕੋਟਲਾ)

ਸੰਪਰਕ : 01675 297313

E Mail : gurmatvidalya@gmail.com

ਛੇਵੀਂ ਗੁਰਮਤਿ ਪ੍ਰੀਖਿਆ ਮਿਤੀ : 13-12-2026 (ਐਤਵਾਰ)
ਸਵੇਰੇ 10:00 ਤੋਂ 12:00 ਵਜੇ ਤੱਕ ਗੁਰਦੁਆਰਾ ਅਨੰਦ ਪ੍ਰਕਾਸ਼ ਸਾਹਿਬ, ਪਿੰਡ ਮਿੱਠੇਵਾਲ ਵਿਖੇ ਕਰਵਾਈ ਜਾ ਰਹੀ ਹੈ

ਗਰੁੱਪ ਛੇਵਾਂ

ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਓ ਗ੍ਰੰਥ

1. ਪ੍ਰੀਖਿਆ ਵਿੱਚ ਪਿੰਡ ਜਾਂ ਬਾਹਰ ਦਾ ਕੋਈ ਵੀ ਵਿਦਿਆਰਥੀ ਭਾਗ ਲੈ ਸਕਦਾ ਹੈ ।
2. ਪਹਿਲੇ ਗਰੁੱਪ ਦੀ ਪ੍ਰੀਖਿਆ ਜੁਬਾਨੀ, ਦੂਸਰੇ ਦੀ ਬਹੁ ਵਿਕਲਪੀ ਤੇ ਬਾਕੀ ਸਾਰਿਆਂ ਦੀ ਲਿਖਤੀ ਹੋਵੇਗੀ ।
3. ਪੇਪਰ ਲਈ ਵਿਦਿਆਰਥੀਆਂ ਦੀ ਰਜਿਸ਼ਟ੍ਰੇਸ਼ਨ ਗੂਗਲ ਫਾਰਮ ਰਾਹੀਂ ਮਿਤੀ 01-10-2026 ਤੋਂ 31-10-2026 ਤੱਕ ਕੀਤੀ ਜਾਵੇਗੀ । ਇਸ ਤੋਂ ਬਾਅਦ ਰਜਿਸ਼ਟ੍ਰੇਸ਼ਨ ਬੰਦ ਹੋ ਜਾਵੇਗੀ ।
4. ਪ੍ਰੀਖਿਆ ਵਿੱਚ ਹਰ ਗਰੁੱਪ ਵਿੱਚ ਪਹਿਲੇ ਸੱਤ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਨਮਾਨਿਤ ਕੀਤੇ ਜਾਣਗੇ ।
5. ਪ੍ਰੀਖਿਆ ਵਿੱਚ ਨਕਦ ਇਨਾਮ ਪ੍ਰਾਪਤ ਕਰਨ ਲਈ ਲਿਖਤੀ ਪੇਪਰ ਵਿੱਚੋਂ 50% ਅੰਕ ਪ੍ਰਾਪਤ ਕਰਨੇ ਜਰੂਰੀ ਹਨ ।
6. ਪ੍ਰੀਖਿਆ ਦੇਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਹੌਸਲਾ ਵਧਾਊ ਇਨਾਮ ਦਿੱਤੇ ਜਾਣਗੇ ।
7. ਰਜਿਸਟ੍ਰੇਸ਼ਨ ਲਈ ਕੋਡ ਸਕੈਨ ਕਰੋ :-

YouTube : Gurmat Vidiala Mithewal,
facebook and Instagram : ਗੁਰਮਤਿ ਵਿਦਿਆਲਾ ਮਿੱਠੇਵਾਲ
ਸੰਪਰਕ : 01675 297313, 70876-99477, 73802-90367

ਨਾਅਰੇ ਤੇ ਫੁਰਮਾਨ

- ਨਾਮ ਜਪੋ ਕਿਰਤ ਕਰੋ ਵੰਡ ਛਕੋ
- ਪਹਿਲਾਂ ਪੰਗਤ ਪਾਛੈ ਸੰਗਤ
- ਪੂਜਾ ਅਕਾਲ ਕੀ
- ਪਰਚਾ ਸ਼ਬਦਾਂ ਦਾ
- ਦੀਦਾਰ ਖਾਲਸੇ ਕਾ
- ਸਾਸਤਰ ਗਰੀਬ ਦੀ ਰਛਿਆ ,ਜਰਵਾਣੇ ਦੀ ਭਖਿਆ
- ਗਰੀਬ ਦਾ ਮੂੰਹ ਗੁਰੂ ਦੀ ਗੋਲਕ
- ਸਿੱਖੀ ਸੱਚੀ ਸੁੱਚੀ ਮਨ ਨੀਵਾ ਮਤ ਉਚੀ
- ਦੇਗ ਤੇਗ ਫਤਿਹ
- ਪੰਥ ਕੀ ਜੀਤ
- ਰਾਜ ਕਰੇਗਾ ਖਾਲਸਾ
- ਲਾਗਤੇ ਦੀਵਾਨ ਰਹੇਂ
- ਗਾਵਤੇ ਸੁਜਾਨ ਰਹੇਂ
- ਝੂਲਤੇ ਨੀਸਾਨ ਰਹੇਂ
- ਪੰਥ ਮਹਾਰਾਜ ਕੇ

ਬੀਬਾ ਸਿੱਖ ਬੱਚਾ

1. ਬੀਬਾ ਸਿੱਖ ਬੱਚਾ ਅੰਮ੍ਰਿਤ ਵੇਲੇ ਉਠੱਦਾ ਹੈ ।
2. ਪਰਿਵਾਰ ਦੇ ਮੈਂਬਰਾਂ ਨੂੰ ਵਾਹਿਗੁਰੂ ਜੀ ਕਾ ਖਾਲਸਾ ,
   ਵਾਹਿਗੁਰੂ ਜੀ ਕੀ ਫਤਿਹ ਬੁਲਾਉਦਾ ਹੈ ।
3. ਦੰਦਾਂ ਦੀ ਸਫਾਈ ਕਰਕੇ ਇਸ਼ਨਾਨ ਕਰਦਾ ਹੈ ।
4. ਕੇਸਾਂ ਨੂੰ ਕੰਘਾ ਕਰਕੇ ਦਸਤਾਰ ਸਜਾਉਂਦਾ ਹੈ ।
5. ਫਿਰ ਗੁਰਬਾਣੀ ਦਾ ਪਾਠ ਕਰਦਾ ਹੈ ।
6. ਗੁਰਦੁਆਰਾ ਸਾਹਿਬ ਜਾ ਕੇ ਮੱਥਾ ਟੇਕਦਾ ਹੈ ।
7. ਘਰ ਆ ਕੇ ਨਾਸ਼ਤਾ ਕਰਕੇ ਸਕੂਲ ਜਾਂਦਾ ਹੈ ।
8. ਸਕੂਲ ਦੀ ਪੜ੍ਹਾਈ ਮਨ ਲਾ ਕੇ ਕਰਦਾ ਹੈ, ਕਦੇ ਕਿਸੇ ਨਾਲ ਨਹੀਂ ਲੜਦਾ ।
9. ਹਰ ਕਿਸੇ ਨਾਲ ਮਿੱਠਾ ਬੋਲਦਾ ਹੈ । ਸਦਾ ਸੱਚ ਬੋਲਦਾ ਹੈ ।
10. ਸਾਮ ਨੂੰ ਸਰੀਰਕ ਕਸਰਤ ਅਤੇ ਖੇਡਾਂ ਵਿੱਚ ਵੀ ਹਿੱਸਾ ਲੈਂਦਾ ਹੈ ।
11. ਹਰ ਰੋਜ਼ ਗੁਰਬਾਣੀ ਪੜਦਾ ਅਤੇ ਸ਼ਬਦ ਯਾਦ ਕਰਦਾ ਹੈ ।
12. ਕਦੇ ਨੰਗੇ ਸਿਰ ਨਹੀਂ ਰਹਿੰਦਾ ।
13. ਸਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਦਾ ਹੈ ।
14. ਸੌਣ ਸਮੇਂ ਸੋਹਿਲਾ ਸਾਹਿਬ ਜੀ ਦੀ ਬਾਣੀ ਪੜ੍ਹ ਕੇ ਸੌਂਦਾ ਹੈ ।
15. ਹਰ ਸਮੇਂ ਵਾਹਿਗੁਰੂ ਨੂੰ ਅੰਗ – ਸੰਗ ਸਹਾਈ ਸਮਝਦਾ ਹੈ ।

ਨਕਦ ਇਨਾਮ

ਗਰੁੱਪ	ਕਲਾਸ	ਪਹਿਲਾ	ਦੂਜਾ	ਤੀਜਾ	ਚੌਥਾ	ਪੰਜਵਾਂ	ਛੇਵਾਂ	ਸੱਤਵਾਂ
ਪਹਿਲਾ	Nur LKG	1700	1500	1300	1100	900	700	500
ਦੂਜਾ	UKG 1st	1900	1500	1300	1100	900	700	500
ਤੀਜਾ	2nd 3rd	2100	1500	1300	1100	900	700	500
ਚੌਥਾ	4th 5th 6th	2100	1500	1300	1100	900	700	500
ਪੰਜਵਾਂ	7th 8th 9th	2500	2100	1500	1100	900	700	500
ਛੇਵਾਂ	10th 11th 12th	3100	2500	2100	1100	900	700	500

ਪ੍ਰੀਖਿਆ ਦੇ ਅੰਕਾਂ ਦੀ ਵੰਡ						
ਲੜੀ ਨੰਬਰ	1	2	3	4	5	6
ਵੇਰਵਾ	ਲਿਖਤੀ / ਜੁਬਾਨੀ ਪ੍ਰੀਖਿਆ	ਅੰਮ੍ਰਿਤਧਾਰੀ	ਕੇਸਾਧਾਰੀ	ਸਕੂਲ ਪੜ੍ਹਾਈ	ਸੁੰਦਰ ਲਿਖਾਈ	ਕੁੱਲ ਅੰਕ
ਅੰਕ	250	5	20	20	5	300

ਸਿਲੇਬਸ ਅਨੁਸਾਰ ਅੰਕਾਂ ਦੀ ਵੰਡ

ਗਰੁੱਪ ਛੇਵਾਂ : ਦਸਵੀਂ ਤੋਂ ਬਾਰਵੀਂ (ਲਿਖਤੀ)

ਗੁਰਬਾਣੀ	ਜਪੁਜੀ ਸਾਹਿਬ, ਤਵ ਪ੍ਰਸਾਦਿ ਸਵਯੈ, ਚੌਪਈ ਸਾਹਿਬ, ਅਨੰਦ ਸਾਹਿਬ ਸੰਪੂਰਨ, ਰਹਿਰਾਸ ਸਾਹਿਬ, ਸੋਹਿਲਾ ਸਾਹਿਬ ਸਲੋਕ ਮਹਲਾ ਨੌਵਾਂ ਪਹਿਲੇ ਚਾਲੀ ਸਲੋਕ ਕੰਠ । ਸ਼ਬਦ:"ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ" ਅਤੇ "ਅਵਲਿ ਅਲਹ ਨੁਰ ਉਪਾਇਆ " ਕੰਠ	140
ਸਿੱਖ ਇਤਿਹਾਸ	ਦਸ ਗੁਰੂ ਸਾਹਿਬਾਨ ਦੇ ਨਾਂ ਪ੍ਰਕਾਸ਼ ਸਥਾਨ ਤੇ ਮਿਤੀ, ਪੰਜ ਪਿਆਰਿਆਂ ਦੇ ਨਾਂ, ਚਾਰ ਸਾਹਿਬਜਾਦਿਆਂ ਦੇ ਨਾਂ ਤੇ ਸ਼ਹੀਦੀ ਕਿਵੇਂ ਹੋਈ, ਸ਼੍ਰੀ ਗੁਰੂ ਅਰਜਨ ਦੇਵ ਜੀ, ਸ਼੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਤਾਰੂ ਸਿੰਘ ਜੀ, ਭਾਈ ਮਨੀ ਸਿੰਘ ਜੀ, ਭਾਈ ਸੁਬੇਗ ਸਿੰਘ ਜੀ, ਭਾਈ ਸਹਿਬਾਜ ਸਿੰਘ ਜੀ, ਬਾਬਾ ਬੰਦਾ ਸਿੰਘ ਜੀ, ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਕਿਵੇਂ ਹੋਈ, ਮੀਰ ਮੰਨੂ ਦੀ ਜੇਲ ਵਿੱਚ ਸਿਦਕਵਾਨ ਸਿੱਖ ਬੀਬੀਆਂ ਦਾ ਇਤਿਹਾਸ, ਜੂਨ 1984 ਘੱਲੂਘਾਰੇ ਦਾ ਸੰਖੇਪ ਇਤਿਹਾਸ	70
ਗੁਰਮਤਿ ਅਤੇ ਰਹਿਤ ਮਰਯਾਦਾ	ਗੁਰ ਫਤਿਹ, ਜੈਕਾਰਾ, ਪੰਜ ਕਕਾਰ, ਨਿਤਨੇਮ ਦੀਆਂ ਬਾਣੀਆਂ ਦੇ ਨਾਂ, ਪੰਜ ਤਖਤਾਂ ਦੇ ਨਾਂ, ਚਾਰ ਬੱਜਰ ਕੁਰਿਹਤਾਂ, ਸਿੱਖ ਧਰਮ ਦੀ ਮੁਢਲੀ ਜਾਣਕਾਰੀ (ਸੰਖੇਪ)	20
ਪੰਜਾਬੀ	ਪੰਜਾਬੀ ਵਰਣਮਾਲਾ (ੳ, ਅ, ਅ .....) ਲਿਖਤੀ ਇੱਕ ਤੋਂ ਸੌ ਤੱਕ ਗੁਰਮੁਖੀ ਗਿਣਤੀ । (ਲਿਖਤੀ)	20
	ਜੋੜ	250

ਗੁਰਬਾਣੀ

ਜਪੁਜੀ ਸਾਹਿਬ, ਤਵ ਪ੍ਰਸਾਦਿ ਸਵਯੈ, ਚੌਪਈ ਸਾਹਿਬ, ਅਨੰਦ ਸਾਹਿਬ ਸੰਪੂਰਨ, ਰਹਿਰਾਸ ਸਾਹਿਬ, ਸੋਹਿਲਾ ਸਾਹਿਬ ਵਿੱਚੋਂ ਅਤੇ ਸਲੋਕ ਮਹਲਾ ਨੌਵਾਂ ਪਹਿਲੇ ਚਾਲੀ ਸਲੋਕਾਂ ਵਿੱਚੋਂ ਅਤੇ ਦਿੱਤੇ ਗਏ ਸ਼ਬਦਾਂ ਵਿੱਚੋਂ ਖਾਲੀ ਥਾਵਾਂ ਆਦਿ ਲਿਖਤੀ ਰੂਪ ਵਿੱਚ ਪ੍ਰਸਨ ਹੋਣਗੇ ।

ਅੰਕ :

ਜਪੁਜੀ ਸਾਹਿਬ	= 20
ਅਨੰਦ ਸਾਹਿਬ ਸੰਪੂਰਨ	= 20
ਰਹਿਰਾਸ ਸਾਹਿਬ ਅਤੇ ਸੋਹਿਲਾ ਸਾਹਿਬ	= 30
ਤਵ ਪ੍ਰਸਾਦਿ ਸਵਯੈ, ਚੌਪਈ ਸਾਹਿਬ	= 30
ਸਲੋਕ ਮਹਲਾ ਨੌਵਾਂ	= 20
ਸ਼ਬਦ	= 20
	140

ਗੁਰੂ ਸਾਹਿਬਾਨ ਜੀ ਦੇ ਨਾਮ

ਲੜੀ ਨੰ.	ਗੁਰੂ ਜੀ ਦਾ ਨਾਮ	ਪ੍ਰਕਾਸ਼ ਸਥਾਨ	ਪ੍ਰਕਾਸ਼ ਮਿਤੀ
1.	ਸ਼੍ਰੀ ਗੁਰੂ ਨਾਨਕ ਦੇਵ ਜੀ	ਰਾਇ ਭੋਇ ਦੀ ਤਲਵੰਡੀ	15 ਅਪ੍ਰੈਲ 1469
2.	ਸ਼੍ਰੀ ਗੁਰੂ ਅੰਗਦ ਦੇਵ ਜੀ	ਮੱਤੇ ਦੀ ਸਰਾਂ	31 ਮਾਰਚ 1504
3.	ਸ਼੍ਰੀ ਗੁਰੂ ਅਮਰਦਾਸ ਜੀ	ਬਾਸਰਕੇ	5 ਮਈ 1479
4.	ਸ਼੍ਰੀ ਗੁਰੂ ਰਾਮਦਾਸ ਜੀ	ਲਾਹੌਰ	24 ਸਤੰਬਰ 1539
5.	ਸ਼੍ਰੀ ਗੁਰੂ ਅਰਜਨ ਦੇਵ ਜੀ	ਗੋਇੰਦਵਾਲ ਸਾਹਿਬ	15 ਅਪ੍ਰੈਲ 1563
6.	ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ	ਗੁਰੂ ਕੀ ਵਡਾਲੀ	14 ਜੂਨ 1595
7.	ਸ਼੍ਰੀ ਗੁਰੂ ਹਰਿ ਰਾਏ ਜੀ	ਕੀਰਤਪੁਰ ਸਾਹਿਬ	26 ਫਰਵਰੀ 1630
8.	ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ	ਕੀਰਤਪੁਰ ਸਾਹਿਬ	7 ਜੁਲਾਈ 1656
9.	ਸ਼੍ਰੀ ਗੁਰੂ ਤੇਗ ਬਹਾਦਰ ਜੀ	ਗੁਰੂ ਕੇ ਮਹਿਲ	1 ਅਪ੍ਰੈਲ 1621
10	ਸ਼੍ਰੀ ਗੁਰੂ ਗੋਬਿੰਦ ਸਿੰਘ ਜੀ	ਪਟਨਾ ਸਾਹਿਬ	22 ਦਸੰਬਰ 1666

ਦਸਾਂ ਪਾਤਸ਼ਾਹੀਆਂ ਦੀ ਜੋਤ
ਜੁਗੋ ਜੁਗ ਅਟੱਲ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਪੰਜ ਪਿਆਰੇ ਸਾਹਿਬਾਨ ਜੀ ਦੇ ਨਾਮ

1. ਭਾਈ ਦਇਆ ਸਿੰਘ ਜੀ
2. ਭਾਈ ਧਰਮ ਸਿੰਘ ਜੀ
3. ਭਾਈ ਹਿੰਮਤ ਸਿੰਘ ਜੀ
4. ਭਾਈ ਮੋਹਕਮ ਸਿੰਘ ਜੀ
5. ਭਾਈ ਸਾਹਿਬ ਸਿੰਘ ਜੀ

ਚਾਰ ਸਾਹਿਬਜ਼ਾਦਿਆਂ ਦੇ ਨਾਮ

1. ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ
2. ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ
3. ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ
4. ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ

ਖ਼ੂਨ ਸ਼ਹੀਦਾਂ ਦਾ

(ਸੰਖੇਪ ਰੂਪ ਵਿੱਚ ਹੈ, ਪੂਰਾ ਇਤਿਹਾਸ ਸਿੱਖ ਇਤਿਹਾਸ ਦੀਆਂ ਕਿਤਾਬਾਂ ਵਿੱਚੋਂ ਪੜੋ)

1. ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਿਠਾ ਕੇ ਸ਼ਹੀਦ ਕੀਤਾ ਗਿਆ ।




2. ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕੀਤਾ ਗਿਆ ।



3. ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ ।



4. ਭਾਈ ਸਤੀ ਦਾਸ ਜੀ ਨੂੰ ਜਿਉਦਿਆਂ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ ।




5. ਭਾਈ ਦਿਆਲਾ ਜੀ ਨੂੰ ਜਿਉਂਦਿਆਂ ਨੂੰ ਉਬਲਦੇ ਪਾਣੀ ਵਿੱਚ ਬਿਠਾ ਕੇ ਸ਼ਹੀਦ ਕਰ ਦਿੱਤਾ ਗਿਆ ।



6. ਭਾਈ ਤਾਰੂ ਸਿੰਘ ਜੀ ਨੂੰ ਰੰਬੀ ਨਾਲ ਖੋਪਰੀ ਉਤਾਰ ਕੇ ਸ਼ਹੀਦ ਕਰ ਦਿੱਤਾ ਗਿਆ ।




7. ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ ।



8. ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਚਮਕੌਰ ਸਾਹਿਬ ਵਿਖੇ ਦਸ ਲੱਖ ਮੁਗਲ ਫੌਜ਼ ਨਾਲ ਟੱਕਰ ਲੈਦਿਆਂ ਸ਼ਹੀਦ ਹੋਏ ।



9. ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਸੂਬਾ ਸਰਹੰਦ ਨੇ ਦੀਵਾਰਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ ।




10. ਭਾਈ ਸੁਬੇਗ ਸਿੰਘ ਜੀ ਅਤੇ ਭਾਈ ਸਜਿਬਾਜ਼ ਸਿੰਘ ਜੀ ਨੂੰ ਚਰਖੜੀਆਂ ਤੇ ਚਾੜ ਕੇ ਸ਼ਹੀਦ ਕਰ ਦਿੱਤਾ ਗਿਆ ।



11. ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਦਿੱਲੀ ਲਿਜਾਇਆ ਗਿਆ । ਬਾਬਾ ਜੀ ਦੇ ਚਾਰ ਸਾਲ ਦੇ ਸਪੁੱਤਰ ਅਜੇ ਸਿੰਘ ਜੀ ਨੂੰ ਸ਼ਹੀਦ ਕਰ ਕੇ ਉਹਨਾਂ ਦਾ ਕਲੇਜਾ ਕੱਢ ਕੇ ਬਾਬਾ ਜੀ ਦੇ ਮੂੰਹ ਵਿੱਚ ਪਾਇਆ ਗਿਆ, ਫਿਰ ਬਾਬਾ ਜੀ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ।



12. ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਦੀਪ ਸਿੰਘ ਜੀ ਨੇ ਸੱਚਖੰਡ ਸ਼੍ਰੀ ਦਰਬਾਰ ਸਾਹਿਬ, ਸ਼੍ਰੀ ਅੰਮ੍ਰਿਤਸਰ ਦੀ ਮੁਗਲਾਂ ਵੱਲੋਂ ਕੀਤੀ ਗਈ ਬੇਅਦਬੀ ਦਾ ਬਦਲਾ ਜੰਗ ਦੇ ਮੈਦਾਨ ਵਿੱਚ ਲਿਆ। ਬਾਬਾ ਜੀ ਦਾ ਸੀਸ ਲੜਦਿਆਂ ਕੱਟਿਆ ਗਿਆ, ਪਰ ਬਾਬਾ ਜੀ ਨੇ ਕੀਤੀ ਅਰਦਾਸ ਅਨੁਸਾਰ ਜੰਗ ਫਤਿਹ ਕਰ ਕੇ ਆਪਣਾ ਸ਼ੀਸ ਦਰਬਾਰ ਸਾਹਿਬ ਜੀ ਦੀ ਪਰਿਕਰਮਾਂ ਵਿੱਚ ਜਾਂ ਭੇਟ ਕੀਤਾ ।



13. ਮੀਰ ਮੰਨੂੰ ਦੀ ਜੇਲ੍ਹ ਵਿੱਚ ਸਿਦਕਵਾਨ ਬੀਬੀਆਂ ਦਾ ਇਤਿਹਾਸ

ਮੁਗਲ ਹਾਕਮ ਮੀਰ ਮੰਨੂੰ ਨੇ ਸਿੱਖ ਬੀਬੀਆਂ ਨੂੰ ਗ੍ਰਿਫਤਾਰ ਕਰਵਾ ਕੇ ਉਹਨਾਂ ਦਾ ਧਰਮ ਬਦਲੀ ਕਰਵਾਉਣ ਲਈ ਬਹੁਤ ਜੁਲਮ ਕੀਤਾ । ਬੀਬੀਆਂ ਨੂੰ ਜੇਲ੍ਹ ਵਿੱਚ ਭੁੱਖੇ ਰੱਖ ਕੇ ਉਹਨਾਂ ਤੋਂ ਗਿੱਲੇ ਪੀਹਣ ਪਿਸਵਾਏ ਗਏ । ਉਹਨਾਂ ਦੇ ਛੋਟੇ ਬੱਚਿਆਂ ਨੂੰ ਉਹਨਾਂ ਸਾਹਮਣੇ ਉਚੱਾ ਸੁਟ ਕੇ ਨੇਜਿਆਂ ਨਾਲ ਸ਼ਹੀਦ ਕਰ ਕੇ , ਸਰੀਰ ਦੇ ਟੋਟੇ ਕਰ ਕੇ ਮਾਤਾਵਾਂ ਦੀ ਝੋਲੀ ਵਿੱਚ ਪਾਇਆ, ਪਰ ਧੰਨ ਉਹ ਸਿਦਕਵਾਨ ਬੀਬੀਆਂ ਜਿਨਾਂ ਨੇ ਸਿੱਖੀ ਨੂੰ ਸੁਆਸਾ ਸੰਗ ਨਿਭਾਇਆ ।



14. ਜੂਨ 1984 ਦੇ ਤੀਸਰੇ ਘੱਲੂਘਾਰੇ ਦਾ ਇਤਿਹਾਸ

ਜੂਨ 1984 ਵਿੱਚ ਸਮੇਂ ਦੀ ਸਰਕਾਰ ਨੇ ਸਿੱਖਾਂ ਦੇ ਪਵਿੱਤਰ ਅਸਥਾਨ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਪਾਵਨ ਸ਼ਹੀਦੀ ਗੁਰਪੁਰਬ ਮਨਾਉਣ ਲਈ ਇਕੱਤਰ ਹੋਈ ਸੰਗਤ ਤੇ ਟੈਂਕਾ ਸਮੇਤ ਭਾਰੀ ਫੋਰਸ ਨਾਲ ਹਮਲਾ ਕਰ ਦਿੱਤਾ, ਜਿਸ ਦਾ ਅੱਗਿਓ ਮਰਜੀਵੜਿਆਂ ਨੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਡਟ ਕੇ ਮੁਕਾਬਲਾ ਕੀਤਾ ।

ਇਸ ਘੱਲੂਘਾਰੇ ਵਿਚ ਫੌਜ ਨੇ ਸ਼੍ਰੀ ਅਕਾਲ ਤਖਤ ਸਾਹਿਬ ਨੂੰ ਗੋਲਿਆਂ ਨਾਲ ਢਾਹ ਦਿੱਤਾ । ਸ਼੍ਰੀ ਹਰਿਮੰਦਰ ਸਾਹਿਬ ਤੇ ਗੋਲੀਆਂ ਚਲਾਈਆਂ ਗਈਆਂ, ਇਥੋਂ ਤੱਕ ਕੇ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਵੀ ਗੋਲੀ ਲੱਗੀ । ਅਨੇਕ ਬੱਚੇ, ਮਾਤਾਵਾਂ ਬਜੁਰਜ ਅਤੇ ਸਿੰਘ ਸਿੰਘਣੀਆਂ ਜੂਝ ਕੇ ਸ਼ਹੀਦੀਆਂ ਪਾ ਗਏ ।

ਇਸ ਹਮਲੇ ਨਾਲ ਸਿੱਖ ਰੈਫਰੈਂਸ਼ ਲਾਇਬ੍ਰੇਰੀ ਵਿੱਚ ਅਨੇਕਾਂ ਪੁਰਾਤਨ ਗ੍ਰੰਥ ਅੱਗ ਲੱਗਣ ਨਾਲ ਸੜ ਗਏ ਤੇ ਜੋ ਬਚੇ ਉਹਨਾਂ ਨੂੰ ਫੌਜ ਜਾਣ ਸਮੇਂ ਚੁੱਕ ਕੇ ਲੈ ਗਈ ।

ਪੂਰਾ ਇਤਿਹਾਸ ਸਾਕਾ ਨੀਲਾ ਤਾਰਾ ਕਿਤਾਬ ਵਿੱਚੋਂ ਪੜਿਆ ਜਾ ਸਕਦਾ ਹੈ ।

ਗੁਰਮਤਿ ਅਤੇ ਰਹਿਤ ਮਰਯਾਦਾ

1. ਹੁਣ ਸਾਡੇ ਗੁਰੂ ਕੌਣ ਹਨ ?
   ਉੱਤਰ : ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ।
2. ਗੁਰਦੁਆਰਾ ਸਾਹਿਬ ਜਾ ਕੇ ਸਭ ਤੋਂ ਪਹਿਲਾਂ ਕੀ ਕਰਨਾਂ ਹੈ ?
   ਉੱਤਰ : ਸਤਿਕਾਰ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣਾ ਹੈ ।
3. ਕੀ ਕੋਈ ਵਿਅਕਤੀ ਸਾਡਾ ਗੁਰੂ ਹੋ ਸਕਦਾ ਹੈ ?
   ਉੱਤਰ : ਨਹੀਂ ਜੀ ।
4. ਸਾਨੂੰ ਸਾਰਿਆਂ ਨੂੰ ਕਿਸ ਨੇ ਪੈਦਾ ਕੀਤਾ ਹੈ ?
   ਉੱਤਰ : ਅਕਾਲ ਪੁਰਖ ਨੇ ।

5. ਜਦੋਂ ਸਿੱਖ ਆਪਸ ਵਿੱਚ ਮਿਲਦੇ ਹਨ ਤਾਂ ਕੀ ਬੁਲਾਉਂਦੇ ਹਨ ?
   ਉੱਤਰ : ਵਾਹਿਗੁਰੂ ਜੀ ਕਾ ਖਾਲਸਾ ॥
   ਵਾਹਿਗੁਰੂ ਜੀ ਕੀ ਫਤਹਿ ॥
6. ਜੈਕਾਰਾ ਕਿਸ ਨੂੰ ਕਿਹਾ ਜਾਂਦਾ ਹੈ ?
   ਉੱਤਰ : ਬੋਲੇ ਸੋ ਨਿਹਾਲ ॥
   ਸਤਿ ਸ਼੍ਰੀ ਅਕਾਲ ॥
7. ਪੰਜ ਕਕਾਰ ਕਿਹੜੇ ਹਨ ?
   ਉੱਤਰ : 1. ਕੇਸ 2. ਕੰਘਾ 3. ਕੜਾ 4. ਕਛਹਿਰਾ 5. ਕਿਰਪਾਨ
8. ਅੰਮ੍ਰਿਤ ਵੇਲੇ ਦੀਆਂ ਨਿੱਤਨੇਮ ਦੀਆਂ ਬਾਣੀਆਂ ਦੇ ਨਾਂ ਲਿਖੋ ।
   ਉੱਤਰ : ਜਪੁਜੀ ਸਾਹਿਬ, ਜਾਪ ਸਾਹਿਬ, ਤਵ ਪ੍ਰਸਾਦਿ ਸਵਯੈ,
   ਚੌਪਈ ਸਾਹਿਬ, ਅਨੰਦ ਸਾਹਿਬ ।
9. ਸਾਮ ਦੀਆਂ ਨਿੱਤਨੇਮ ਦੀਆਂ ਬਾਣੀਆਂ ਦੇ ਨਾਂ ਲਿਖੋ ।
   ਉੱਤਰ : ਸੋ ਦਰ ਰਹਿਰਾਸ ਸਾਹਿਬ, ਸੌਣ ਸਮੇਂ ਸੋਹਿਲਾ ਸਾਹਿਬ ।
10. ਸਿੱਖ ਦਾ ਸਿਰ ਕਿਸ ਅੱਗੇ ਝੁਕਦਾ ਹੈ ?
    ਉੱਤਰ : ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ।
11. ਸਾਡਾ ਗੁਰ ਮੰਤਰ ਕਿਹੜਾ ਹੈ ?
    ਉੱਤਰ : ਵਾਹਿਗੁਰੂ
12. ਸਿੱਖ ਧਰਮ ਦੇ ਮੁੱਢਲੇ ਅਸੂਲ ਕਿਹੜੇ ਹਨ ?
    ਉੱਤਰ : ਨਾਮ ਜਪੋ , ਕਿਰਤ ਕਰੋ , ਵੰਡ ਛਕੋ ।
13. ਪੰਜ ਤਖਤਾਂ ਦੇ ਨਾਂ ਲਿਖੋ ।

ਉੱਤਰ: 1. ਤਖਤ ਸ਼੍ਰੀ ਅਕਾਲ ਤਖਤ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ ।
2. ਤਖਤ ਸ਼੍ਰੀ ਹਰਿਮੰਦਰ ਸਾਹਿਬ, ਪਟਨਾਂ ਸਾਹਿਬ, ਬਿਹਾਰ ।
3. ਤਖਤ ਸ਼੍ਰੀ ਕੇਸਗੜ੍ਹ ਸਾਹਿਬ, ਸ਼੍ਰੀ ਅਨੰਦਪੁਰ ਸਾਹਿਬ, ਪੰਜਾਬ ।
4. ਤਖਤ ਸ਼੍ਰੀ ਹਜ਼ੂਰ ਸਾਹਿਬ, ਅਬਿਚਲ ਨਗਰ ਨਾਂਦੇੜ, ਮਹਾਂਰਾਸ਼ਟਰ ।
5. ਤਖਤ ਸ਼੍ਰੀ ਦਮਦਮਾਂ ਸਾਹਿਬ, ਸਾਬੋ ਕੀ ਤਲਵੰਡੀ, ਪੰਜਾਬ ।

14. ਚਾਰ ਬੱਜਰ ਕੁਰਿਹਤਾਂ ਲਿਖੋ ।

ਉੱਤਰ 1. ਕੇਸਾਂ ਦੀ ਬੇਅਦਬੀ ਕਰਨਾਂ
2. ਪਰ ਇਸਤਰੀ ਜਾਂ ਪਰ ਪੁਰਸ਼ ਗਾਮੀ ਹੋਣਾ ।
3. ਤਬਾਕੂ ਦੀ ਵਰਤੋਂ ਕਰਨਾਂ
4. ਕੁਠਾ (ਮਾਸ) ਖਾਣਾ ।

15. ਗੁਰਦੁਆਰਾ ਸਾਹਿਬ ਜਾਣ ਸਮੇਂ ਸਾਡਾ ਪਹਿਰਾਵਾ ਕਿਸ ਤਰਾਂ ਦਾ ਹੋਣਾ ਚਾਹੀਦਾ ਹੈ ?
ਉੱਤਰ : ਸਾਫ ਸੁਥਰਾ ਪ੍ਰੰਤੂ ਸਾਦਾ ।

16. ਸਿੱਖ ਅਰਦਾਸ ਵਿੱਚ ਕਿਸ ਦਾ ਭਲਾ ਮੰਗਦਾ ਹੈ ?
ਉੱਤਰ : ਸਰਬੱਤ ਦਾ ।

17. ਨਿਸ਼ਾਨ ਸਾਹਿਬ ਕਿਸ ਗੱਲ ਦਾ ਪ੍ਰਤੀਕ ਹੈ ?
ਉੱਤਰ : ਸਿੱਖ ਪੰਥ ਦੀ ਚੜ੍ਹਦੀਕਲਾ ਦਾ ।

18. ਕੀ ਸਿੱਖ ਧਰਮ ਵਿੱਚ ਜਾਤ-ਪਾਤ ਨੂੰ ਕੋਈ ਥਾਂ ਹੈ ?
ਉੱਤਰ : ਬਿਲਕੁਲ ਨਹੀਂ ।

19. ਸ਼੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਧਰਮ ਕਿਸ ਦਾ ਪੁੱਤਰ ਹੈ ?
ਉੱਤਰ : ਦਇਆ ਦਾ ।

20. ਅਕਾਲੀ ਕਿਸ ਨੂੰ ਕਿਹਾ ਜਾਂਦਾ ਹੈ ?
ਉੱਤਰ: ਸਿੱਖ ਪੰਥ ਦੇ ਮਹਾਂਨ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਮਹਾਂਨ ਕੋਸ਼ ਵਿੱਚ ਲਿਖਦੇ ਹਨ :

ਕਮਲ ਜਯੋਂ ਮਾਯਾ ਜਾਲ ਵਿੱਚ ਹੈ ਅਲੇਪ ਸਦਾ,
ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ ।
ਕਰ ਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ
ਭਾਣੇ ਵਿੱਚ ਵਿਪਦਾ ਨੂੰ ਮੰਨੇ ਖੁਸ਼ਹਾਲੀ ਹੈ ।
ਸਵਾਰਥ ਤੋਂ ਬਿਨਾਂ ਗੁਰਦੁਆਰਿਆਂ ਦਾ ਚੌਕੀਦਾਰ ,
ਧਰਮ ਦੇ ਜੰਗ ਲਈ ਚੜ੍ਹੇ ਮੁੱਖ ਲਾਲੀ ਹੈ ।
ਪੂਜੇ ਨਾ ਅਕਾਲ ਬਿਨਾਂ ਹੋਰ ਕੋਈ ਦੇਵੀ ਦੇਵ ,
ਸਿੱਖ ਦਸ਼ਮੇਸ਼ ਦਾ ਸੋ ਕਹੀਏ 'ਅਕਾਲੀ' ਹੈ ।

21. ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਕੌਣ ਹੈ ?

ਉੱਤਰ : ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾ ਹਿਬਾਨ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ ।

22. ਕੀ ਨੱਕ ਜਾਂ ਕੰਨ ਛੇਦਣਾਂ ਗੁਰਮਤਿ ਅਨੁਸਾਰ ਸਹੀ ਹੈ ?

ਉੱਤਰ : ਨਹੀਂ , ਗੁਰਮਤਿ ਅਨੁਸਾਰ ਸਿੱਖ ਇਸਤਰੀ ਜਾਂ ਪੁਰਸ਼ ਲਈ ਨੱਕ ਜਾਂ ਕੰਨ ਛੇਦਣਾਂ ਮਨ੍ਹਾਂ ਹੈ ।

23. ਸਿੱਖ ਧਰਮ ਵਿੱਚ ਕਿਹੜੇ ਸੰਸਕਾਰ ਹਨ ?

ਉੱਤਰ : ਸਿੱਖ ਧਰਮ ਵਿੱਚ ਹੇਠ ਲਿਖੇ ਸੰਸਕਾਰ ਹਨ ;

1. ਜਨਮ ਤੇ ਨਾਮ ਸੰਸਕਾਰ
2. ਅੰਮ੍ਰਿਤ ਸੰਸਕਾਰ
3. ਅਨੰਦ ਸੰਸਕਾਰ
4. ਮਿਰਤਕ ਸੰਸਕਾਰ

24. ਸਿੱਖ ਧਰਮ ਵਿੱਚ ਸੇਵਾ ਕਿਸ ਪ੍ਰਕਾਰ ਦੀ ਹੈ ?

ਉੱਤਰ : ਸੇਵਾ ਸਿੱਖ ਦਰਮ ਦਾ ਉੱਘਾ ਅੰਗ ਹੈ । ਇਸ ਦੇ ਮੁਖ ਰੂਪ ਹਨ : ਗੁਰਦੁਆਰਾ ਸਾਹਿਬ ਵਿਖੇ ਝਾੜੂ ਦੀ ਸੇਵਾ, ਸਫਾਈ ਦੀ ਸੇਵਾ, ਬਸਤਰਾਂ ਦੀ ਸਫਾਈ ਸੇਵਾ ਸੰਗਤ ਲਈ ਜਲ ਦੀ ਸੇਵਾ, ਲੰਗਰ ਦੀ ਸੇਵਾ, ਝੂਠੇ ਬਰਤਨ ਸਾਫ ਕਰਨ ਦੀ ਸੇਵਾ, ਜੋੜਿਆਂ ਦੀ ਸੇਵਾ ਆਦਿ ।

25. ਕੀ ਗੁਰਦੁਆਰਾ ਸਾਹਿਬ ਜਾਣ ਦੀ ਕਿਸੇ ਨੂੰ ਮਨਾਹੀ ਹੈ ?

ਉੱਤਰ : ਗੁਰਦੁਆਰਾ ਸਾਹਿਬ ਜਾਣ ਦੀ ਕਿਸੇ ਨੂੰ ਮਨਾਹੀ ਨਹੀਂ ਹੈ, ਪ੍ਰੰਤੂ ਗੁਰਦੁਆਰਾ ਸਾਹਿਬ ਜਾਣ ਵਾਲੇ ਦਾ ਸਿਰ ਢੱਕਿਆ ਹੋਵੇ, ਉਸ ਕੋਲ ਕਿਸੇ ਕਿਸਮ ਦਾ ਕੋਈ ਨਸ਼ੀਲਾ ਜਾਂ ਵਰਜਿਤ ਪਦਾਰਥ ਨਹੀ ਹੋਣਾ ਚਾਹੀਦਾ ।

26. ਕੀਰਤਨ ਕਿਸ ਨੂੰ ਕਹਿਦੇ ਹਨ ?

ਉੱਤਰ : ਗੁਰਬਾਣੀ ਨੂੰ ਰਾਗਾਂ ਵਿੱਚ ਗਾਇਨ ਕਰਨ ਨੂੰ ਕੀਰਤਨ ਕਹਿਦੇ ਹਨ । ਸੰਗਤ ਵਿੱਚ ਕੀਰਤਨ ਕੇਵਲ ਗੁਰਬਾਣੀ ਜਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਜਾਂ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਹੀ ਕੀਤਾ ਜਾ ਸਕਦਾ ਹੈ ।

27. ਗੁਰੂ ਪੰਥ ਕੀ ਹੈ ?

ਉੱਤਰ : ਤਿਆਰ –ਬਰ – ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੰ 'ਗੁਰੂ ਪੰਥ' ਆਖਦੇ ਹਨ । ਇਸ ਦੀ ਤਿਆਰੀ ਦਸ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ ।

28. ਜਪੁਜੀ ਸਾਹਿਬ ਵਿੱਚ ਕਿੰਨੇ ਖੰਡਾਂ ਦਾ ਜਿਕਰ ?

ਉੱਤਰ : ਪੰਜ ਖੰਡ :– ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਸੱਚ ਖੰਡ ।

ਪੰਜਾਬੀ ਭਾਸ਼ਾ

1. ਪੰਜਾਬੀ ਵਰਣਮਾਲਾ

ੳ	ਅ	ੲ	ਸ	ਹ
ਕ	ਖ	ਗ	ਘ	ਙ
ਚ	ਛ	ਜ	ਝ	ਞ
ਟ	ਠ	ਡ	ਢ	ਣ
ਤ	ਥ	ਦ	ਧ	ਨ
ਪ	ਫ	ਬ	ਭ	ਮ
ਯ	ਰ	ਲ	ਵ	ੜ
ਸ਼	ਖ਼	ਗ਼	ਜ਼	ਫ਼
		ਲ਼		

2. ਗੁਰਮੁਖੀ ਗਿਣਤੀ ਅੰਕਾਂ ਅਤੇ ਸ਼ਬਦਾਂ ਵਿੱਚ :-

ਅੰਕਾਂ ਵਿੱਚ	ਸ਼ਬਦਾਂ ਵਿੱਚ	ਅੰਕਾਂ ਵਿੱਚ	ਸ਼ਬਦਾਂ ਵਿੱਚ	ਅੰਕਾਂ ਵਿੱਚ	ਸ਼ਬਦਾਂ ਵਿੱਚ	ਅੰਕਾਂ ਵਿੱਚ	ਸ਼ਬਦਾਂ ਵਿੱਚ	ਅੰਕਾਂ ਵਿੱਚ	ਸ਼ਬਦਾਂ ਵਿੱਚ
੧	ਇੱਕ	੧੧	ਗਿਆਰਾਂ	੨੧	ਇੱਕੀ	੩੧	ਇਕੱਤੀ	੪੧	ਇਕਤਾਲੀ
੨	ਦੋ	੧੨	ਬਾਰਾਂ	੨੨	ਬਾਈ	੩੨	ਬੱਤੀ	੪੨	ਬਿਆਲੀ
੩	ਤਿੰਨ	੧੩	ਤੇਰਾਂ	੨੩	ਤੇਈ	੩੩	ਤੇਤੀ	੪੩	ਤਰਤਾਲੀ
੪	ਚਾਰ	੧੪	ਚੌਦਾਂ	੨੪	ਚੌਵੀ	੩੪	ਚੌਂਤੀ	੪੪	ਚੁਤਾਲੀ
੫	ਪੰਜ	੧੫	ਪੰਦਰਾਂ	੨੫	ਪੱਚੀ	੩੫	ਪੈਂਤੀ	੪੫	ਪੰਤਾਲੀ
੬	ਛੇ	੧੬	ਸੋਲਾਂ	੨੬	ਛੱਬੀ	੩੬	ਛੱਤੀ	੪੬	ਛਿਆਲੀ
੭	ਸੱਤ	੧੭	ਸਤਾਰਾਂ	੨੭	ਸਤਾਈ	੩੭	ਸੈਂਤੀ	੪੭	ਸੰਤਾਲੀ
੮	ਅੱਠ	੧੮	ਅਠਾਰਾਂ	੨੮	ਅਠਾਈ	੩੮	ਅਠੱਤੀ	੪੮	ਅਠਤਾਲੀ
੯	ਨੌ	੧੯	ਉਨੀ	੨੯	ਉਨੱਤੀ	੩੯	ਉਨਤਾਲੀ	੪੯	ਉਣੰਜਾ
੧੦	ਦਸ	੨੦	ਵੀਹ	੩੦	ਤੀਹ	੪੦	ਚਾਲੀ	੫੦	ਪੰਜਾਹ

ਅੰਕਾਂ ਵਿੱਚ	ਸ਼ਬਦਾਂ ਵਿੱਚ	ਅੰਕਾਂ ਵਿੱਚ	ਸ਼ਬਦਾਂ ਵਿੱਚ	ਅੰਕਾਂ ਵਿੱਚ	ਸ਼ਬਦਾਂ ਵਿੱਚ	ਅੰਕਾਂ ਵਿੱਚ	ਸ਼ਬਦਾਂ ਵਿੱਚ	ਅੰਕਾਂ ਵਿੱਚ	ਸ਼ਬਦਾਂ ਵਿੱਚ
੫੧	ਇਕਵੰਜਾ	੬੧	ਇਕਾਹਠ	੭੧	ਇਕੱਤਰ	੮੧	ਇਕਿਆਸੀ	੯੧	ਇਕਾਨਵੇਂ
੫੨	ਬਵੰਜਾ	੬੨	ਬਾਹਠ	੭੨	ਬਹੱਤਰ	੮੨	ਬਿਆਸੀ	੯੨	ਬਾਨਵੇਂ
੫੩	ਤਰਵੰਜਾ	੬੩	ਤ੍ਰੇਹਠ	੭੩	ਤਿਹੱਤਰ	੮੩	ਤਰਿਆਸੀ	੯੩	ਤਰਾਨਵੇਂ
੫੪	ਚੁਰੰਜਾ	੬੪	ਚੌਂਹਠ	੭੪	ਚੁਹੱਤਰ	੮੪	ਚੁਰਾਸੀ	੯੪	ਚੁਰਾਨਵੇਂ
੫੫	ਪਚਵੰਜਾ	੬੫	ਪੈਂਹਠ	੭੫	ਪੰਝੱਤਰ	੮੫	ਪੱਚਾਸੀ	੯੫	ਪਚਾਨਵੇਂ
੫੬	ਛਪੰਜਾ	੬੬	ਛਿਆਹਠ	੭੬	ਛਿਅੱਤਰ	੮੬	ਛਿਆਸੀ	੯੬	ਛਿਆਨਵੇਂ
੫੭	ਸਤਵੰਜਾ	੬੭	ਸਤਾਹਠ	੭੭	ਸਤੱਤਰ	੮੭	ਸਤਾਸੀ	੯੭	ਸਤਾਨਵੇਂ
੫੮	ਅਠਵੰਜਾ	੬੮	ਅਠਾਹਠ	੭੮	ਅਠੱਤਰ	੮੮	ਅਠਾਸੀ	੯੮	ਅਠਾਨਵੇਂ
੫੯	ਉਨਾਹਠ	੬੯	ਉਣੱਤਰ	੭੯	ਉਣਾਸੀ	੮੯	ਉਣਾਨਵੇਂ	੯੯	ਨਿੜ੍ਹੰਨਵੇਂ
੬੦	ਸੱਠ	੭੦	ਸੱਤਰ	੮੦	ਅੱਸੀ	੯੦	ਨੱਬੇ	੧੦੦	ਸੌ

ਸਮਾਜ ਪ੍ਰਤੀ ਸਾਡੇ ਕੁਝ ਫਰਜ਼

- ਵੱਡਿਆਂ ਦਾ ਸਤਿਕਾਰ ਕਰੋ ਹਮੇਸਾ ਜੀ ਕਹਿ ਕੇ ਹੀ ਬੁਲਾਓ ।
- ਛੋਟਿਆਂ ਨਾਲ ਪਿਆਰ ਕਰੋ, ਸਤਿਕਾਰ ਨਾਲ ਗੱਲਬਾਤ ਕਰੋ ।
- ਸਦਾ ਸੱਚ ਬੋਲੋ ।
- ਜਦ ਵੀ ਸਮਾਂ ਮਿਲੇ ਹੱਥੀ ਸੇਵਾ ਜਰੂਰ ਕਰੋ ।
- ਚੰਗੀਆਂ ਕਿਤਾਬਾਂ ਪੜੋ ।
- ਪਾਣੀ ਦੀ ਸੰਭਾਲ ਕਰੋ ਪਾਣੀ ਸੰਜਮ ਨਾਲ ਵਰਤੋ ।
- ਬੁਰਸ਼ ਕਰਦੇ ਸਮੇਂ ਟੂਟੀ ਚਲਦੀ ਨਾ ਰੱਖੋ ।
- ਪਾਣੀ ਭਰਨ ਤੋਂ ਬਾਅਦ ਟੂਟੀ ਚੰਗੀ ਤਰ੍ਹਾਂ ਬੰਦ ਕਰ ਦੇਵੋ ।
- ਹਵਾ ਦੇ ਪ੍ਰਦੂਸ਼ਣ ਤੋਂ ਬਚਣ ਲਈ ਵੱਧ ਤੋਂ ਵੱਧ ਦਰਖਤ ਲਗਾਓ ।
- ਹੌਲੀ ਬੋਲਣ ਦੀ ਆਦਤ ਪਉਣੀ ਚਾਹੀਦੀ ਹੈ ।
- ਬਿਜਲੀ ਊਰਜਾ ਦੀ ਵਰਤੋਂ ਵੀ ਸੰਜਮ ਨਾਲ ਕਰਨੀ ਚਾਹੀਦੀ ਹੈ ।
- ਜਦੋਂ ਲੋੜ ਨਾ ਹੋਵੇ ਤਾਂ ਪੱਖੇ ਅਤੇ ਬੱਲਵ ਆਦਿ ਬੰਦ ਕਰਨੇ ਚਾਹੀਦੇ ਹਨ ।
- ਰਸਤੇ ਵਿੱਚ ਜਾਣ ਸਮੇਂ ਜੇਕਰ ਕੋਈ ਪੱਥਰ ਜਾਂ ਇੱਟ ਰੋੜਾ ਡਿਗਿਆ ਹੈ ਤਾਂ ਚੱਕ ਕੇ ਸਾਈਡ ਤੇ ਕਰਨਾ ਚਾਹੀਦਾ ਹੈ ।
- ਕੇਲੇ ਜਾਂ ਫਲਾਂ ਦੇ ਛਿਲਕੇ ਨਿਸ਼ਚਿਤ ਜਗਾ ਤੇ ਹੀ ਸੁੱਟਣੇ ਚਾਹੀਦੇ ਹਨ ।